TO ADVERTISE PLEASE CALL 416-899-2548

World's Largest Punjabi Weekly

ਅਜੀਤ

15 to 21 Jan. 2026 USA/ONTARIO/QUEBEC Division of 6178235 Canada Inc.

AJIT WEEKLY

Corporate Office: 7015-Tranmere Dr. Unit # 1 & 2 Mississauga, On. L5S 1T7 Canada

NANAKflights
TICO #50020679
ਸਸਤੀਆਂ ਹਵਾਈ ਟਿਕਟਾਂ
ਫ਼ਰੀ ਬੁਕਿੰਗ ਹੋਲਡ
ਮੁਫ਼ਤ 5-Star Hotel with Shuttle Service and Meal Coupon when flying with a participating airline.
24/7 SERVICE
BOOK FLIGHTS
905-456-9977
7990 Kennedy Rd S. Unit 201, Brampton

MANN Travels & Tours
ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲਈ ਮਾਨ ਟਰੈਵਲ ਨੂੰ ਕਾਲ ਕਰੋ
IATA TICO No. 4671541
AMARJEET S. MANN PRESIDENT
Cottrelle : 905-595-1700
Springdale : 905-497-6300
Brampton : 905-595-2000
Hamiton : 905-930-7700
Markham : 416-603-1800
H.O: 499 Raylawson Blvd. # 32, Brampton

The Ajit Weekly and people associated with it are not responsible for any claims made by the advertisers and don't endorse any product or services advertised in the Ajit Weekly. Please consult your lawyer before buying/hiring/contracting through the ads published in the newspaper. The Ajit Weekly is in the business of selling space and claims made by the advertisers are not tested/confirmed by an independent source.

VOL. 33 | No. 1684 | ajitweekly.com | darshantv.ca | fb.com/ajitweeklycanada | youtube.com/@ajitweeklycanada | info@ajitweekly.com | 1-905-671-4761, 416-899-2548 | Price: $1.00

ਗੈਂਗਸਟਰਾਂ ਦੇ ਨਿਸ਼ਾਨੇ 'ਤੇ ਨੇ Canada ਦੇ ਭਾਰਤੀ ਇਮੀਗ੍ਰੇਸ਼ਨ Consultants

ਟੋਰੌਂਟੋ: ਕੈਨੇਡਾ 'ਚ ਗੈਂਗਸਟਰਾਂ ਵਲੋਂ ਭਾਰਤੀ ਮੂਲ ਦੇ ਇਮੀਗ੍ਰੇਸ਼ਨ Consultants ਨੂੰ ਨਿਸ਼ਾਨਾ ਬਣਾ ਅੰਜਾਮ ਦਿੱਤੀਆਂ ਜਾ ਰਹੀਆਂ ਜਬਰੀ ਵਸੂਲੀ ਦੀਆਂ ਘਟਨਾਵਾਂ ਹੁਣ ਇੱਕਾ-ਦੁੱਕਾ ਨਹੀਂ ਰਹੀਆਂ ਸਗੋਂ ਇੱਕ ਸੰਗਠਿਤ ਪੈਟਰਨ ਦੇ ਰੂਪ 'ਚ ਸਾਹਮਣੇ ਆ ਰਹੀਆਂ ਹਨ। ਟੋਰੌਂਟੋ, ਬਰੈਂਪਟਨ, ਮਿਸੀਸਾਗਾ ਅਤੇ ਵੈਨਕੂਵਰ ਦੇ ਉਪਨਗਰੀ ਇਲਾਕਿਆਂ 'ਚ ਲਗਾਤਾਰ ਮਿਲ ਰਹੀਆਂ ਧਮਕੀਆਂ ਨੇ ਇੰਡੋ-ਕੈਨੇਡੀਅਨ ਭਾਈਚਾਰੇ 'ਚ ਡਰ ਅਤੇ ਅਸੁਰੱਖਿਆ ਦੀ ਭਾਵਨਾ ਪੈਦਾ ਕਰ ਦਿੱਤੀ ਹੈ। ਕਈ ਏਜੰਟਾਂ ਦਾ ਮੰਨਣਾ ਹੈ ਕਿ ਅਪਰਾਧੀ ਇਮੀਗ੍ਰੇਸ਼ਨ ਕਾਰੋਬਾਰ ਨਾਲ ਜੁੜੇ ਲੋਕਾਂ ਨੂੰ ਇਸ ਲਈ ਟਾਰਗੈੱਟ ਕਰ ਰਹੇ ਹਨ ਕਿਉਂਕਿ ਇਸ ਖੇਤਰ 'ਚ ਨਕਦ ਲੈਣ-ਦੇਣ ਅਤੇ ਵੱਡੀ ਰਕਮ ਦਾ ਅੰਦਾਜ਼ਾ ਲਾਇਆ ਜਾਂਦਾ ਹੈ।

ਇੱਕ ਰਿਪੋਰਟ ਮੁਤਾਬਿਕ 3 ਜਨਵਰੀ ਨੂੰ ਗ੍ਰੇਟਰ ਟੋਰੌਂਟੋ ਏਰੀਆ (GTA) ਦੇ ਬਰੈਂਪਟਨ 'ਚ ਇਮੀਗ੍ਰੇਸ਼ਨ ਕੰਸਲਟੈਂਟ ਵਿਕਰਮ ਸ਼ਰਮਾ ਦੇ ਘਰ 'ਤੇ ਹੋਈ ਫ਼ਾਇਰਿੰਗ ਨੇ ਇਸ ਪੂਰੇ ਨੈੱਟਵਰਕ ਦੀ ਕਰੂਰਤਾ ਨੂੰ ਉਜਾਗਰ ਕਰ ਦਿੱਤਾ। ਦੇਰ ਰਾਤ ਕਰੀਬ 1.30 ਵਜੇ ਹੋਈ ਇਸ ਘਟਨਾ 'ਚ 8-9 ਗੋਲੀਆਂ ਚਲਾਈਆਂ ਗਈਆਂ ਜਿਸ ਨਾਲ ਘਰ, ਗ਼ੈਰਾਜ ਅਤੇ ਬਾਹਰ ਖੜ੍ਹੀ ਇੱਕ ਕਾਰ ਨੂੰ ਨੁਕਸਾਨ ਪਹੁੰਚਿਆ। ਇਹ ਸਿਰਫ਼ ਡਰਾਉਣ ਦੀ ਕੋਸ਼ਿਸ਼ ਨਹੀਂ ਸੀ ਸਗੋਂ ਸਾਫ਼ ਸੰਦੇਸ਼ ਸੀ ਕਿ ਜੇਕਰ ਫ਼ਿਰੌਤੀ ਨਹੀਂ ਦਿੱਤੀ ਗਈ ਤਾਂ ਅਗਲਾ ਨਿਸ਼ਾਨਾ ਪਰਿਵਾਰ ਹੋ ਸਕਦਾ ਹੈ।

ਡਿਜੀਟਲ ਪਲੈਟਫ਼ੌਰਮ ਰਾਹੀਂ ਧਮਕੀ ਦਾ ਨਵਾਂ ਤਰੀਕਾ: ਫ਼ਾਇਰਿੰਗ ਤੋਂ ਬਾਅਦ ਵਟਸਐੱਪ ਰਾਹੀਂ ਫ਼ਿਰੌਤੀ ਦੀ ਮੰਗ ਇਸ ਗੱਲ ਦਾ ਸੰਕੇਤ ਹੈ ਕਿ ਅਪਰਾਧੀ ਹੁਣ ਡਿਜੀਟਲ ਮਾਧਿਅਮਾਂ ਦੀ ਖੁੱਲ੍ਹ ਕੇ ਵਰਤੋਂ ਕਰ ਰਹੇ ਹਨ। ਪੰਜ ਲੱਖ ਕੈਨੇਡੀਅਨ ਡਾਲਰ ਦੀ ਮੰਗ ਨਾਲ ਫ਼ਾਇਰਿੰਗ ਦੀ ਵੀਡੀਓ ਭੇਜਣਾ ਮਨੋਵਿਗਿਆਨਕ ਦਬਾਅ ਬਣਾਉਣ ਦੀ ਇੱਕ ਰਣਨੀਤੀ ਮੰਨੀ ਜਾ ਰਹੀ ਹੈ। ਮਾਹਿਰਾਂ ਅਨੁਸਾਰ ਇਹ ਤਰੀਕਾ ਪੀੜਤ ਨੂੰ ਕਾਨੂੰਨੀ ਕਾਰਵਾਈ ਤੋਂ ਰੋਕਣ ਅਤੇ ਤੁਰੰਤ ਪੈਸੇ ਦੇਣ ਲਈ ਮਜਬੂਰ ਕਰਨ ਲਈ ਅਪਨਾਇਆ ਜਾਂਦਾ ਹੈ। ਇਨ੍ਹਾਂ ਘਟਨਾਵਾਂ ਦਾ ਅਸਰ ਸਿਰਫ਼ ਕਾਰੋਬਾਰ ਤਕ ਸੀਮਿਤ ਨਹੀਂ ਸਗੋਂ ਪਰਿਵਾਰਾਂ ਦੀ ਸੁਰੱਖਿਆ ਸਭ ਤੋਂ ਵੱਡਾ ਮੁੱਦਾ ਬਣ ਗਈ ਹੈ। ਵਿਕਰਮ ਸ਼ਰਮਾ ਵਲੋਂ ਕੈਨੇਡਾ ਛੱਡਣ ਦਾ ਫ਼ੈਸਲਾ ਇਸੇ ਡਰ ਨੂੰ ਦਰਸਾਉਂਦਾ ਹੈ। ਕਈ ਹੋਰ ਏਜੰਟ ਵੀ ਆਪਣੇ ਬੱਚਿਆਂ ਅਤੇ ਬਜ਼ੁਰਗਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਹਨ, ਅਤੇ ਜਾਂ ਤਾਂ ਕਾਰੋਬਾਰ ਸੀਮਿਤ ਕਰ ਰਹੇ ਹਨ ਜਾਂ ਇਲਾਕਾ ਬਦਲਣ 'ਤੇ ਵਿਚਾਰ ਕਰ ਰਹੇ ਹਨ।

ਹੈਸ਼ਟੈਗ ਮੀਡੀਆ ਅਤੇ ਸਥਾਨਕ ਸੂਤਰਾਂ ਮੁਤਾਬਿਕ ਮਿਸੀਸਾਗਾ ਅਤੇ ਸਰੀ (ਬ੍ਰਿਟਿਸ਼ ਕੋਲੰਬੀਆ) ਵਰਗੇ ਇਲਾਕਿਆਂ 'ਚ ਵੀ ਇਮੀਗ੍ਰੇਸ਼ਨ ਕੰਸਲਟੈਂਟਸ ਨੂੰ ਫ਼ੋਨ ਕਾਲਾਂ, ਮੈਸੇਜਿਜ਼ ਅਤੇ ਸੋਸ਼ਲ ਮੀਡੀਆ ਰਾਹੀਂ ਧਮਕੀਆਂ ਮਿਲੀਆਂ ਹਨ। ਕੁੱਝ ਮਾਮਲਿਆਂ 'ਚ ਫ਼ਾਇਰਿੰਗ ਨਹੀਂ ਹੋਈ, ਪਰ ਲਗਾਤਾਰ ਕਾਲਾਂ ਅਤੇ ਚਿਤਾਵਨੀਆਂ ਨੇ ਪੀੜਤਾਂ ਨੂੰ ਮਾਨਸਿਕ ਤੌਰ 'ਤੇ ਤੋੜ ਦਿੱਤਾ ਹੈ। ਇਸ ਨਾਲ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਇਹ ਕਿਸੇ ਇੱਕ ਵਿਅਕਤੀ ਦਾ ਨਹੀਂ ਸਗੋਂ ਇੱਕ ਸੰਗਠਿਤ ਅਪਰਾਧਿਕ ਗਿਰੋਹ ਦਾ ਕੰਮ ਹੋ ਸਕਦਾ ਹੈ। ਰਿਪੋਰਟ 'ਚ ਇਹ ਵੀ ਸਾਹਮਣੇ ਆਇਆ ਹੈ ਕਿ ਕੈਨੇਡਾ ਦੀ ਇੱਕ ਵੱਡੀ ਇਮੀਗ੍ਰੇਸ਼ਨ ਫ਼ਰਮ, ਜਿਸ ਦੇ ਕਈ ਸ਼ਹਿਰਾਂ 'ਚ ਦਫ਼ਤਰ ਹਨ, ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਹਾਲਾਂਕਿ ਬਦਨਾਮੀ ਅਤੇ ਕਾਰੋਬਾਰ 'ਤੇ ਅਸਰ ਦੇ ਡਰ ਤੋਂ ਉਸ ਫ਼ਰਮ ਨੇ ਰਸਮੀ ਸ਼ਿਕਾਇਤ ਦਰਜ ਨਹੀਂ ਕਰਵਾਈ। ਮਾਹਿਰ ਮੰਨਦੇ ਹਨ ਕਿ ਸ਼ਿਕਾਇਤਾਂ ਦਰਜ ਨਾ ਹੋਣਾ ਅਪਰਾਧੀਆਂ ਦਾ ਹੌਂਸਲਾ ਹੋਰ ਵਧਾ ਸਕਦਾ ਹੈ।

ਲਗਾਤਾਰ ਵੱਧ ਰਹੀਆਂ ਘਟਨਾਵਾਂ ਤੋਂ ਬਾਅਦ ਹੁਣ ਕੈਨੇਡੀਅਨ ਪੁਲੀਸ ਅਤੇ ਪ੍ਰਸ਼ਾਸਨ 'ਤੇ ਦਬਾਅ ਵੱਧ ਰਿਹਾ ਹੈ ਕਿ ਉਹ ਇੰਡੋ-ਕੈਨੇਡੀਅਨ ਇਲਾਕਿਆਂ 'ਚ ਸੁਰੱਖਿਆ ਵਧਾਏ ਅਤੇ ਸੰਗਠਿਤ ਅਪਰਾਧ 'ਤੇ ਸਖ਼ਤ ਕਾਰਵਾਈ ਕਰੇ। ਭਾਈਚਾਰੇ ਦੇ ਆਗੂਆਂ ਦੀ ਮੰਗ ਹੈ ਕਿ ਪੁਲੀਸ ਇਨ੍ਹਾਂ ਮਾਮਲਿਆਂ ਨੂੰ ਵੱਖ-ਵੱਖ ਘਟਨਾਵਾਂ ਦੀ ਬਜਾਏ ਇੱਕ ਵੱਡੇ ਨੈੱਟਵਰਕ ਦੇ ਰੂਪ 'ਚ ਵੇਖੇ। ਜਾਣਕਾਰ ਕਹਿੰਦੇ ਹਨ ਕਿ ਕੈਨੇਡਾ 'ਚ ਭਾਰਤੀ ਇਮੀਗ੍ਰੇਸ਼ਨ ਏਜੰਟਾਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਜਾ ਰਹੀਆਂ ਜਬਰੀ ਵਸੂਲੀਆਂ ਸਿਰਫ਼ ਅਪਰਾਧਿਕ ਸਮੱਸਿਆ ਨਹੀਂ ਸਗੋਂ ਪਰਵਾਸੀ ਭਾਈਚਾਰੇ ਦੀ ਸੁਰੱਖਿਆ ਅਤੇ ਭਰੋਸੇ ਨਾਲ ਜੁੜਿਆ ਗੰਭੀਰ ਮੁੱਦਾ ਬਣ ਚੁੱਕੀ ਹੈ। ਜੇਕਰ ਸਮਾਂ ਰਹਿੰਦੇ ਠੋਸ ਕਦਮ ਨਹੀਂ ਚੁੱਕੇ ਗਏ ਤਾਂ ਇਹ ਡਰ ਦਾ ਮਾਹੌਲ ਹੋਰ ਵੱਧ ਸਕਦਾ ਹੈ ਅਤੇ ਕੈਨੇਡਾ ਦੀ ਸੁਰੱਖਿਅਤ ਦੇਸ਼ ਦੀ ਦਿੱਖ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ।

RCMP ਰਿਪੋਰਟ ਅਨੁਸਾਰ ਬਿਸ਼ਨੋਈ ਗੈਂਗ ਭਾਰਤ ਸਰਕਾਰ ਦੇ ਇਸ਼ਾਰੇ 'ਤੇ ਕਰ ਰਿਹੈ ਕੰਮ

ਔਟਵਾ: ਕੈਨੇਡਾ ਦੀ ਰਾਸ਼ਟਰੀ ਪੁਲੀਸ ਫ਼ੋਰਸ (RCMP) ਦੀ ਇੱਕ ਗੁਪਤ ਰਿਪੋਰਟ ਨੇ ਸਨਸਨੀਖੇਜ਼ ਖ਼ੁਲਾਸਾ ਕੀਤਾ ਹੈ ਕਿ ਕੈਨੇਡਾ 'ਚ ਜਬਰਨ ਉਗਰਾਹੀ ਅਤੇ ਕਤਲ ਵਰਗੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲਾ ਲੌਰੈਂਸ ਬਿਸ਼ਨੋਈ ਗੈਂਗ ਭਾਰਤ ਸਰਕਾਰ ਦੀ ਤਰਫ਼ੋਂ ਕੰਮ ਕਰ ਰਿਹਾ ਹੈ। Global News ਦੁਆਰਾ ਪ੍ਰਾਪਤ ਕੀਤੇ ਗਏ ਇਸ ਦਸਤਾਵੇਜ਼ 'ਚ ਦਾਅਵਾ ਕੀਤਾ ਗਿਆ ਹੈ ਕਿ ਇਸ ਅਪਰਾਧਿਕ ਗਰੁੱਪ ਦੇ ਭਾਰਤ ਸਰਕਾਰ ਨਾਲ ਸਬੰਧਾਂ ਦਾ ਜ਼ਿਕਰ ਮਹਿਜ਼ ਤਿੰਨ ਪੰਨਿਆਂ ਦੀ ਰਿਪੋਰਟ 'ਚ ਅੱਧੀ ਦਰਜਨ ਵਾਰ ਕੀਤਾ ਗਿਆ ਹੈ।

ਅਪਰਾਧਕ ਗਤੀਵਿਧੀਆਂ: RCMP ਅਨੁਸਾਰ ਬਿਸ਼ਨੋਈ ਗੈਂਗ ਲਾਲਚ ਦੇ ਵੱਸ ਹੋ ਕੇ ਜਬਰਨ ਉਗਰਾਹੀਆਂ, ਨਸ਼ਾ ਤਸਕਰੀ, ਮਨੀ ਲੌਂਡਰਿੰਗ ਅਤੇ ਕੌਂਟਰੈਕਟ ਕਿਲਿੰਗ (ਸੁਪਾਰੀ ਦੇ ਕੇ ਕਤਲ) ਵਰਗੇ ਗੰਭੀਰ ਅਪਰਾਧਾਂ 'ਚ ਸ਼ਾਮਿਲ ਹੈ।

ਭਾਰਤ ਸਰਕਾਰ ਨਾਲ ਸਬੰਧ: ਰਿਪੋਰਟ 'ਚ ਸਪੱਸ਼ਟ ਤੌਰ 'ਤ ਲਿਖਿਆ ਗਿਆ ਹੈ ਕਿ ਇਹ ਗਰੁੱਪ ਆਪਣਾ ਅਪਰਾਧਿਕ ਸਾਮਰਾਜ ਚਲਾਉਣ ਦੇ ਨਾਲ-ਨਾਲ ਭਾਰਤ ਸਰਕਾਰ ਦੇ ਹਿੱਤਾਂ ਲਈ ਵੀ ਕੰਮ ਕਰ ਰਿਹਾ ਹੈ।

ਟਾਰਗੇਟ ਕੌਣ ਹਨ? ਕੈਨੇਡਾ 'ਚ ਰਹਿਣ ਵਾਲੇ ਸਿੱਖ ਭਾਈਚਾਰੇ ਦੇ ਲੋਕ, ਖ਼ਾਸ ਕਰ ਕੇ ਖ਼ਾਲਿਸਤਾਨ ਪੱਖੀ ਕਾਰਕੁਨ, ਇਸ ਹਿੰਸਕ ਮੁਹਿਮ ਦਾ ਮੁੱਖ ਨਿਸ਼ਾਨਾ ਬਣ ਰਹੇ ਹਨ।

RCMP ਦੀ ਇਸ ਰਿਪੋਰਟ 'ਚ ਸਰੀ 'ਚ ਹੋਏ ਹਰਦੀਪ ਸਿੰਘ ਨਿੱਜਰ ਦੇ ਕਤਲ ਅਤੇ ਵਿਨੀਪੈੱਗ 'ਚ ਹੋਏ ਸੁਖਦੂਲ ਸਿੰਘ ਦੇ ਕਤਲ ਦਾ ਹਵਾਲਾ ਦਿੱਤਾ ਗਿਆ ਹੈ। ਰਿਪੋਰਟ ਮੁਤਾਬਿਕ ਭਾਰਤੀ ਏਜੰਟਾਂ ਨੇ ਇਨ੍ਹਾਂ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਲਈ ਬਿਸ਼ਨੋਈ ਗੈਂਗ ਵਰਗੇ ਸੰਗਠਿਤ ਅਪਰਾਧਿਕ ਸਮੂਹਾਂ ਦੀ ਵਰਤੋਂ ਕੀਤੀ ਹੈ। ਜ਼ਿਕਰਯੋਗ ਹੈ ਕਿ ਲੌਰੈਂਸ ਬਿਸ਼ਨੋਈ 2015 ਤੋਂ ਭਾਰਤ ਦੀ ਜੇਲ੍ਹ 'ਚ ਬੰਦ ਹੈ, ਪਰ ਉਹ ਉੱਥੋਂ ਹੀ ਆਪਣਾ ਗੈਂਗ ਚਲਾ ਰਿਹਾ ਹੈ ਜਿਸ ਦੀ ਕਮਾਨ ਹੁਣ ਗੋਲਡੀ ਬਰਾੜ (ਸਤਿੰਦਰਜੀਤ ਸਿੰਘ) ਦੇ ਹੱਥਾਂ 'ਚ ਦੱਸੀ ਜਾਂਦੀ ਹੈ। ਉਧਰ ਵਰਲਡ ਸਿੱਖ ਔਰਗੇਨਾਈਜ਼ੇਸ਼ਨ (WSO) ਅਤੇ ਸਿੱਖ ਫ਼ੈਡਰੇਸ਼ਨ ਕੈਨੇਡਾ ਨੇ ਕੈਨੇਡੀਅਨ ਸਰਕਾਰ 'ਤ ਵਰ੍ਹਦਿਆਂ ਕਿਹਾ ਹੈ ਕਿ ਸਿਆਸੀ ਅਤੇ ਵਪਾਰਕ ਹਿੱਤਾਂ ਲਈ ਕੈਨੇਡਾ ਵਾਸੀਆਂ ਦੀ ਸੁਰੱਖਿਆ ਨੂੰ ਦਾਅ 'ਤੇ ਲਗਾਇਆ ਜਾ ਰਿਹਾ ਹੈ। ਬਲਪ੍ਰੀਤ ਸਿੰਘ (WSO ਦੇ ਬੁਲਾਰੇ) ਨੇ ਕਿਹਾ ਕਿ ਇਹ ਜਾਣਦੇ ਹੋਏ ਵੀ ਕਿ ਬਿਸ਼ਨੋਈ ਗੈਂਗ ਭਾਰਤ ਨਾਲ ਮਿਲ ਕੇ ਕੰਮ ਕਰ ਰਿਹਾ ਹੈ, ਪਰ ਕੈਨੇਡੀਅਨ ਸਰਕਾਰ ਵਪਾਰਕ ਸਬੰਧਾਂ ਨੂੰ ਵਧੇਰੇ ਤਰਜੀਹ ਦੇ ਰਹੀ ਹੈ। ਜਿੱਥੇ ਇੱਕ ਪਾਸੇ RCMP ਅਜਿਹੇ ਗੰਭੀਰ ਦਾਅਵੇ ਕਰ ਰਹੀ ਹੈ, ਉੱਥੇ ਹੀ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ BC ਦੇ ਪ੍ਰੀਮੀਅਰ ਡੇਵਿਡ ਈਬੀ ਭਾਰਤ ਨਾਲ ਵਪਾਰਕ ਸਬੰਧ ਸੁਧਾਰਨ ਦੀ ਕੋਸ਼ਿਸ਼ ਕਰ ਰਹੇ ਹਨ। (ਬਾਕੀ ਸਫ਼ਾ 10 'ਤੇ)

2.1 ਮਿਲੀਅਨ ਅਸਥਾਈ ਨਿਵਾਸੀਆਂ ਦੇ ਪਰਮਿਟਾਂ ਦੀ ਮਿਆਦ ਹੋ ਜਾਵੇਗੀ ਖ਼ਤਮ

ਟੋਰੌਂਟੋ: ਲੱਖਾਂ ਅਸਥਾਈ ਨਿਵਾਸੀਆਂ ਦੇ ਕੈਨੇਡਾ 'ਚ ਰਹਿਣ ਦੇ ਪਰਮਿਟ ਦੀ ਮਿਆਦ ਖ਼ਤਮ ਹੋ ਜਾਵੇਗੀ ਕਿਉਂਕਿ ਸਥਾਈ ਨਿਵਾਸ ਪ੍ਰਾਪਤ ਕਰਨ ਦੀ ਦੌੜ ਸਖ਼ਤ ਹੁੰਦੀ ਜਾ ਰਹੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਇੱਕ ਗ਼ਲਤ ਧਾਰਣਾ ਹੈ ਕਿ ਮਿਆਦ ਪੁੱਗਣ ਵਾਲੇ ਪਰਮਿਟਾਂ ਵਾਲਾ ਹਰ ਕੋਈ ਘਰ ਵਾਪਿਸ ਆ ਜਾਵੇਗਾ। ਅਭਿਸ਼ੇਕ ਪਰਮਾਰ ਨੇ ਵਿਨਜ਼ਰ-ਐਸੈੱਕਸ ਨੂੰ ਆਪਣਾ ਨਵਾਂ ਘਰ ਬਣਾਉਣ 'ਚ ਛੇ ਸਾਲਾਂ ਤੋਂ ਵੱਧ ਸਮਾਂ ਬਿਤਾਇਆ ਹੈ, ਪਰ ਹੁਣ ਉਹ ਉਨ੍ਹਾਂ 2.1 ਮਿਲੀਅਨ ਅਸਥਾਈ ਨਿਵਾਸੀਆਂ 'ਚੋਂ ਇੱਕ ਹੈ ਜਿਨ੍ਹਾਂ ਨੂੰ ਇਸ ਸਾਲ ਕੈਨੇਡਾ ਛੱਡਣਾ ਪੈ ਸਕਦਾ ਹੈ। "ਮੈਂ ਕਦੇ ਵੀ ਇਸ ਜਗ੍ਹਾ ਨੂੰ ਛੱਡਣ ਬਾਰੇ ਨਹੀਂ ਸੀ ਸੋਚਿਆ," ਉਸ ਨੇ ਕਿਹਾ। "ਅਤੇ ਹੁਣ, ਚੀਜ਼ਾਂ ਖ਼ਤਮ ਹੋ ਰਹੀਆਂ ਹਨ, ਅਤੇ ਇਹ ਇੱਕ ਚੰਗੀ ਭਾਵਨਾ ਨਹੀਂ।"

25 ਸਾਲਾ ਨੌਜਵਾਨ 2019 'ਚ ਭਾਰਤ ਤੋਂ ਸੇਂਟ ਕਲੇਅਰ ਕਾਲਜ 'ਚ ਮਕੈਨੀਕਲ ਇੰਜੀਨੀਅਰਿੰਗ ਤਕਨਾਲੋਜੀ ਦੀ ਪੜ੍ਹਾਈ ਕਰਨ ਲਈ ਵਿਨਜ਼ਰ-ਐਸੈੱਕਸ ਆਇਆ ਸੀ। ਟਿਊਸ਼ਨ ਅਤੇ ਰਹਿਣ-ਸਹਿਣ ਦੇ ਖ਼ਰਚਿਆਂ 'ਤੇ £80,000 ਤੋਂ ਵੱਧ ਖ਼ਰਚ ਕਰਨ ਤੋਂ ਬਾਅਦ ਪਰਮਾਰ ਨੇ ਕਿਹਾ ਕਿ ਉਸ ਨੂੰ ਲਾਸਾਲ, ਕਿਬੈਕ 'ਚ ਇੱਕ ਆਟੋਮੋਟਿਵ ਕੰਪਨੀ 'ਚ ਨੌਕਰੀ ਮਿਲ ਗਈ ਸੀ। ਉਸ ਨੇ 2024 'ਚ ਓਨਟੈਰੀਓ ਇਮੀਗ੍ਰੇਸ਼ਨ ਮਾਰਗ ਨਾਲ ਸਥਾਈ ਨਿਵਾਸ (PR) ਲਈ ਅਰਜ਼ੀ ਦਿੱਤੀ। "ਫ਼ਿਰ ਟੈਰਿਫ਼ਾਂ ਦੀ ਖ਼ਬਰ ਆਈ ਅਤੇ ਮੈਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ," ਉਸ ਨੇ ਕਿਹਾ। "ਫ਼ਿਰ ਮੈਂ ਵਿਨਜ਼ਰ 'ਚ ਇੱਕ ਹੋਰ ਆਟੋਮੋਟਿਵ ਕੰਪਨੀ 'ਚ ਕੰਮ ਕੀਤਾ, ਅਤੇ ਫ਼ਿਰ, ਟੈਰਿਫ਼ਾਂ ਕਾਰਨ ਕੁੱਝ ਮਹੀਨਿਆਂ ਬਾਅਦ ਮੈਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ।"

ਉਸ ਨੇ ਅੱਗੇ ਦੱਸਿਆ ਕਿ ਉਸ ਨੂੰ ਫ਼ਿਰ ਤੋਂ ਇੱਕ ਅਜਿਹੀ ਹੀ ਭੂਮਿਕਾ ਮਿਲੀ, ਪਰ ਇਸ ਦਾ ਮਤਲਬ ਸੀ ਕਿ ਸੂਬਾਈ ਇਮੀਗ੍ਰੇਸ਼ਨ ਮਾਰਗ ਰਾਹੀਂ PR ਪ੍ਰਾਪਤ ਕਰਨ ਦੇ ਉਸ ਦੇ ਸੁਪਨੇ ਚਕਨਾਚੂਰ ਹੋ ਗਏ ਕਿਉਂਕਿ ਇਹ ਉਸ ਦੇ ਰੁਜ਼ਗਾਰ ਨਾਲ ਜੁੜਿਆ ਹੋਇਆ ਸੀ। ਪਰਮਾਰ ਦਾ ਵਰਕ ਪਰਮਿਟ ਮਾਰਚ ਦੇ ਅੱਧ 'ਚ ਖ਼ਤਮ ਹੋ ਰਿਹਾ ਹੈ। ਹੁਣ ਵਿਨਜ਼ਰ ਨੂੰ ਆਪਣਾ ਹਮੇਸ਼ਾ ਲਈ ਘਰ ਬਣਾਉਣ, ਕਾਰੋਬਾਰ ਸ਼ੁਰੂ ਕਰਨ ਅਤੇ ਇੱਥੇ ਆਪਣਾ ਪਹਿਲਾ ਘਰ ਖ਼ਰੀਦਣ ਦੀਆਂ ਉਸ ਦੀਆਂ ਯੋਜਨਾਵਾਂ ਰੁਕੀਆਂ ਹੋਈਆਂ ਹਨ, ਅਤੇ ਪਰਮਾਰ ਇਕੱਲਾ ਅਜਿਹਾ ਵਿਅਕਤੀ ਨਹੀਂ।

ਇਮੀਗ੍ਰੇਸ਼ਨ, ਸ਼ਰਣਾਰਥੀ ਅਤੇ ਨਾਗਰਿਕਤਾ ਕੈਨੇਡਾ (RICC) ਦੁਆਰਾ ਸਾਂਝੇ ਕੀਤੇ ਗਏ ਅੰਕੜਿਆਂ ਅਨੁਸਾਰ 1.49 ਮਿਲੀਅਨ ਅਸਥਾਈ ਨਿਵਾਸੀਆਂ ਦੇ ਪਰਮਿਟਸ ਪਿਛਲੇ ਸਾਲ ਖ਼ਤਮ ਹੋ ਗਏ ਸਨ। ਇਸ ਸਾਲ ਹੋਰ 1.4 ਮਿਲੀਅਨ ਦੀ ਮਿਆਦ ਖ਼ਤਮ ਹੋ ਜਾਵੇਗੀ, ਅਤੇ ਕੁੱਲ 2.9 ਮਿਲੀਅਨ ਪਰਮਿਟਸ ਦੋ ਸਾਲਾਂ 'ਚ ਖ਼ਤਮ ਹੋਣਗੇ। ਇਨ੍ਹਾਂ 'ਚ ਸਟੱਡੀ ਪਰਮਿਟਸ ਜਾਂ ਸਟੱਡੀ ਪਰਮਿਟ ਐਕਸਟੈਂਸ਼ਨ ਧਾਰਕ ਸ਼ਾਮਿਲ ਨਹੀਂ। ਇਸ ਸਾਲ ਖ਼ਤਮ ਹੋਣ ਵਾਲੇ 1.4 ਮਿਲੀਅਨ 'ਚੋਂ 55 ਪ੍ਰਤੀਸ਼ਤ ਸਿਰਫ਼ ਜੂਨ ਤਕ ਖ਼ਤਮ ਹੋਣ ਵਾਲੇ ਹਨ। RICC ਦਾ ਕਹਿਣਾ ਹੈ ਕਿ ਪਿਛਲੇ ਸਾਲ PR ਲਈ 395, 000 ਸਥਾਨ ਉਪਲਬਧ ਸਨ, ਅਤੇ ਇਸ ਸਾਲ ਹੋਰ 380, 000 ਸਥਾਨ। ਜਦੋਂ ਕਿ ਉਨ੍ਹਾਂ 2.9 ਮਿਲੀਅਨ 'ਚੋਂ ਕੁੱਝ ਨੂੰ PR ਦਾ ਦਰਜਾ ਮਿਲੇਗਾ, ਘੱਟੋ ਘੱਟ 2.1 ਮਿਲੀਅਨ ਲੋਕਾਂ ਦੇ ਵੀਜ਼ੇ ਅਜੇ ਵੀ ਮਿਆਦ ਪੁੱਗੇ ਜਾਂ ਖ਼ਤਮ ਹੋ ਰਹੇ ਹੋਣਗੇ। (ਬਾਕੀ ਸਫ਼ਾ 10 'ਤੇ)

Canada ਦੇ ਇਤਿਹਾਸ ਦੀ ਸਭ ਤੋਂ ਵੱਡੀ ਸੋਨੇ ਦੀ ਲੁੱਟ 'ਚ ਕਿਹੜੇ ਪੰਜਾਬੀ ਦੀ ਭਾਲ ਕਰ ਰਹੀ ਹੈ Police

ਨਾਦੀਨ ਯੂਸਫ਼



ਮਿਸੀਸਾਗਾ: 17 ਅਪ੍ਰੈਲ 2023 ਨੂੰ ਟੋਰੌਂਟੋ ਦੇ Pearson International Airport ਦੇ ਕਾਰਗੋ ਸੈਕਸ਼ਨ 'ਚੋਂ ਫ਼